BRAMPTON Flower City
brampton.ca

Service and Information Update

4 ਦਸੰਬਰ, 2018

## ਸਾਫ਼। ਆਧੁਨਿਕ। ਪ੍ਰਭਾਵਸ਼ਾਲੀ। Brampton.ca/recreation ਨੂੰ ਨਵਾਂ ਰੂਪ ਦਿੱਤਾ ਗਿਆ ਹੈ!

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) ਦੀ ਰੇਕ੍ਰੀਏਸ਼ਨ ਡਿਵੀਜ਼ਨ ਨੇ ਆਪਣੀ ਵੈਬਸਾਈਟ www.brampton.ca/recreation ਦੇ ਇੱਕ ਅੱਪਡੇਟ ਕੀਤੇ ਵਰਜਨ ਦੀ ਸ਼ੁਰੂਆਤ ਕੀਤੀ ਹੈ।

ਨਵੀਂ ਅਤੇ ਸਾਫ਼ ਸਾਈਟ ਦੀ ਸ਼ੁਰੂਆਤ 30 ਨਵੰਬਰ ਨੂੰ ਕੀਤੀ ਗਈ ਸੀ, ਜਿਸ ਵਿੱਚ ਬ੍ਰੈਂਪਟਨ ਵਾਸੀਆਂ ਨੂੰ ਮਨਪਰਚਾਵੇ (ਰੇਕ੍ਰੀਏਸ਼ਨ) ਸਬੰਧੀ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਵੱਧ ਅਸਾਨੀ ਨਾਲ ਪਹੁੰਚ ਦਿੱਤੀ ਗਈ। ਉਹਨਾਂ ਨੂੰ ਸਰਬੋਤਮ ਵਰਤੋਂਕਾਰ (ਯੂਜ਼ਰ) ਅਨੁਭਵ ਮੁਹੱਈਆ ਕਰਨ ਲਈ, ਇਸ ਵਿੱਚ ਸੰਚਾਲਨ ਵਿੱਚ ਤਬਦੀਲੀਆਂ ਅਤੇ ਸੋਧਿਆ ਹੋਇਆ ਸਮੱਗਰੀ ਢਾਂਚਾ ਸ਼ਾਮਲ ਕੀਤਾ ਗਿਆ।

ਹੁਣ ਨਿਵਾਸੀਆਂ, ਭਾਈਚਾਰਕ ਭਾਈਵਾਲਾਂ ਅਤੇ ਹੋਰ ਸਟੇਕਹੋਲਡਰਾਂ ਕੋਲ, ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਲਈ ਵਨ-ਸਟੌਪ ਸ਼ੌਪ ਹੈ:

- ਵੱਧ ਅਸਾਨ ਖੋਜ ਸਮਰੱਥਤਾਵਾਂ,
- ਇੱਕ ਵਧਿਆ ਵਰਤੋਂਕਾਰ ਅਨੁਭਵ,
- ਸੋਧਿਆ ਹੋਇਆ ਨੈਵੀਗੇਸ਼ਨ
- ਇੱਕ ਸਾਫ਼ ਰੂਪ ਅਤੇ ਅਹਿਸਾਸ।

ਰੇਕ੍ਰੀਏਸ਼ਨ ਸਾਈਟ ਦੇ ਵਿਜ਼ੀਟਰ ਇਹ ਵੀ ਦੇਖਣਗੇ ਕਿ ਮੁੱਖ ਸੇਵਾ ਪੇਸ਼ਕਸ਼ਾਂ, ਜਿਵੇਂ ਕਿ ਪ੍ਰੋਗਰਾਮ ਅਤੇ ਗਤੀਵਿਧੀਆਂ, ਫੈਸਿਲਿਟੀ ਕਿਰਾਏ, ਭਾਈਚਾਰਕ ਕੇਂਦਰ ਅਤੇ ਭਾਈਚਾਰਕ ਵਸੀਲੇ, ਸਭ ਤੋਂ ਅਗਲੇ ਹਿੱਸੇ ਵਿੱਚ ਹਨ, ਜੋ ਉਹਨਾਂ ਨੂੰ ਵੱਧ ਅਸਾਨੀ ਨਾਲ ਪਹੁੰਚਯੋਗ ਬਣਾਉਂਦੇ ਹਨ।

ਹੋਰ ਸੁਧਾਰਾਂ ਵਿੱਚ ਸ਼ਾਮਲ ਹਨ, ਨਵੇਂ ਗ੍ਰਾਫਿਕਸ, ਪ੍ਰੋਗਰਾਮ ਅਤੇ ਭਾਈਚਾਰਕ ਕੇਂਦਰਾਂ ਲਈ ਵਿਸ਼ੇਸ਼ ਘੋਸ਼ਣਾ ਖੇਤਰ ਅਤੇ ਪੰਨਿਆਂ ਦੇ ਲੇਆਊਟ ਵਿੱਚ ਸਮੁੱਚੀ ਇਕਸਾਰਤਾ।

ਇਸਨੂੰ www.brampton.ca/recreation ਤੇ ਦੇਖੋ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨਸ | ਸਿਟੀ ਆਫ ਬ੍ਰੈਂਪਟਨ
ਫੋਨ: 905-874-3426 |
ਈਮੇਲ: Monika.Duggal@brampton.ca